ਮਿੱਠੇ ਬੱਚੇ:- "ਮਿੱਠੇ ਬੱਚੇ ਤੁਸੀਂ ਇੱਥੇ ਪੜ੍ਹਾਈ ਪੜ੍ਹਨ ਲਈ ਆਏ ਹੋ, ਤੁਹਾਨੂੰ ਅੱਖਾਂ ਬੰਦ ਕਰਨ ਦੀ ਲੋੜ ਨਹੀਂ, ਪੜ੍ਹਾਈ ਅੱਖਾਂ ਖੋਲ੍ਹ ਕੇ ਪੜ੍ਹੀ ਜਾਂਦੀ ਹੈ"

ਪ੍ਰਸ਼ਨ:- ਭਗਤੀ ਮਾਰਗ ਵਿੱਚ ਕਿਹੜੀ ਆਦਤ ਭਗਤਾਂ ਵਿੱਚ ਹੁੰਦੀ ਹੈ ਜੋ ਹੁਣ ਤੁਸੀਂ ਬੱਚਿਆਂ ਵਿੱਚ ਨਹੀਂ ਹੋਣੀ ਚਾਹੀਦੀ?

ਉੱਤਰ:- ਭਗਤੀ ਵਿੱਚ ਕਿਸੇ ਵੀ ਦੇਵਤਾ ਦੀ ਮੂਰਤੀ ਅੱਗੇ ਜਾਕੇ ਕੁਝ ਨਾ ਕੁਝ ਮੰਗਦੇ ਰਹਿੰਦੇ ਹਨ। ਉਨ੍ਹਾਂ ਵਿੱਚ ਮੰਗਣ ਦੀ ਹੀ ਆਦਤ ਪੈ ਜਾਂਦੀ ਹੈ। ਲਕਸ਼ਮੀ ਦੇ ਅੱਗੇ ਜਾਣਗੇ ਤਾਂ ਧਨ ਮੰਗਣ ਗੇ ਲੇਕਿਨ ਮਿਲਦਾ ਕੁਝ ਵੀ ਨਹੀਂ। ਹੁਣ ਤੁਹਾਨੂੰ ਬੱਚਿਆਂ ਨੂੰ ਇਹ ਆਦਤ ਨਹੀਂ, ਤੁਸੀਂ ਤਾਂ ਬਾਪ ਦੇ ਵਰਸੇ ਦੇ ਅਧਿਕਾਰੀ ਹੋ। ਤੁਸੀਂ ਸੱਚੇ ਵਚਿੱਤਰ ਬਾਪ ਨੂੰ ਵੇਖਦੇ ਰਹੋ, ਇਸ ਵਿੱਚ ਹੀ ਤੁਹਾਡੀ ਸੱਚੀ ਕਮਾਈ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ - ਇਹ ਪਾਠਸ਼ਾਲਾ ਹੈ। ਪਰੰਤੂ ਇੱਥੇ ਕੋਈ ਚਿੱਤਰ ਮਤਲਬ ਦੇਹਧਾਰੀ ਨੂੰ ਨਹੀਂ ਵੇਖਣਾ ਹੈ। ਇੱਥੇ ਵੇਖਦੇ ਵੀ ਬੁੱਧੀ ਉਸ ਵੱਲ ਜਾਣੀ ਚਾਹੀਦੀ ਹੈ ਜਿਸ ਦਾ ਕੋਈ ਚਿੱਤਰ ਨਹੀਂ ਹੈ। ਸਕੂਲ ਵਿੱਚ ਬੱਚਿਆਂ ਦਾ ਧਿਆਨ ਸਦਾ ਟੀਚਰ ਵਿੱਚ ਰਹਿੰਦਾ ਹਾਂ ਕਿਉਂਕਿ ਉਹ ਪੜ੍ਹਾਉਂਦੇ ਹਨ ਤਾਂ ਜ਼ਰੂਰ ਉਨ੍ਹਾਂ ਦਾ ਸੁਣਨਾ ਹੈ ਫੇਰ ਰਿਸਪੌਂਡ ਕਰਨਾ ਹੈ। ਟੀਚਰ ਪ੍ਰਸ਼ਨ ਪੁੱਛੇਗਾ ਤਾਂ ਇਸ਼ਾਰਾ ਕਰਨਗੇ ਨਾ - ਮੈਂ ਦੱਸਦਾ ਹਾਂ। ਇੱਥੇ ਇਹ ਹੈ ਵਚਿੱਤਰ ਸਕੂਲ ਕਿਉਂਕਿ ਵਚਿੱਤਰ ਪੜ੍ਹਾਈ ਹੈ, ਜਿਸਦਾ ਕੋਈ ਚਿੱਤਰ ਨਹੀਂ ਹੈ। ਤਾਂ ਪੜ੍ਹਾਈ ਵਿੱਚ ਅੱਖਾਂ ਖੋਲ੍ਹ ਕੇ ਬੈਠਣਾ ਚਾਹੀਦਾ ਹੈ ਨਾ। ਸਕੂਲ ਵਿੱਚ ਟੀਚਰ ਦੇ ਸਾਹਮਣੇ ਕਦੇ ਅੱਖਾਂ ਬੰਦ ਕਰਕੇ ਬੈਠਦੇ ਹਨ ਕੀ! ਭਗਤੀ ਮਾਰਗ ਵਿੱਚ ਹਿਰੇ ਹੋਏ ਹਨ ਅੱਖਾਂ ਬੰਦ ਕਰ ਮਾਲਾ ਜਪਣਾ ਆਦਿ... ਸਾਧੂ ਲੋਕ ਵੀ ਅੱਖਾਂ ਬੰਦ ਕਰਕੇ ਬੈਠਦੇ ਹਨ। ਉਹ ਤਾਂ ਔਰਤ ਨੂੰ ਵੇਖਦੇ ਵੀ ਨਹੀਂ ਹਨ ਕਿ ਕਿਤੇ ਮਨ ਚਲਾਏਮਾਨ ਨਾ ਹੋ ਜਾਵੇ। ਪਰੰਤੂ ਅੱਜਕਲ੍ਹ ਜ਼ਮਾਨਾ ਹੈ ਤਮੋਪ੍ਰਧਾਨ। ਬਾਪ ਤੁਹਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ - ਇੱਥੇ ਤੁਸੀਂ ਭਾਵੇਂ ਵੇਖਦੇ ਹੋ ਸ਼ਰੀਰ ਨੂੰ ਪਰੰਤੂ ਬੁੱਧੀ ਉਸ ਵਚਿੱਤਰ ਨੂੰ ਯਾਦ ਕਰਨ ਵਿੱਚ ਰਹਿੰਦੀ ਹੈ। ਅਜਿਹਾ ਕੋਈ ਸਾਧੂ ਸੰਤ ਨਹੀਂ ਹੋਵੇਗਾ ਜੋ ਸ਼ਰੀਰ ਨੂੰ ਵੇਖਦੇ ਯਾਦ ਉਸ ਵਚਿੱਤਰ ਨੂੰ ਕਰੇ। ਤੁਸੀਂ ਜਾਣਦੇ ਹੋ ਇਸ ਰਥ ਵਿੱਚ ਉਹ ਬਾਬਾ ਸਾਨੂੰ ਪੜ੍ਹਾਉਂਦੇ ਹਨ। ਉਹ ਬੋਲਦੇ ਹਨ , ਕਰਦੀ ਤਾਂ ਸਭ ਕੁਝ ਆਤਮਾ ਹੀ ਹੈ, ਸ਼ਰੀਰ ਤਾਂ ਕੁਝ ਵੀ ਨਹੀਂ ਕਰਦਾ। ਆਤਮਾ ਸੁਣਦੀ ਹੈ। ਰੂਹਾਨੀ ਗਿਆਨ ਜਾਂ ਜਿਸਮਾਨੀ ਗਿਆਨ ਸੁਣਦੀ ਸੁਣਾਉਂਦੀ ਆਤਮਾ ਹੀ ਹੈ। ਆਤਮਾ ਜਿਸਮਾਨੀ ਟੀਚਰ ਬਣਦੀ ਹੈ। ਸ਼ਰੀਰ ਦੁਆਰਾ ਜਿਸਮਾਨੀ ਪੜ੍ਹਾਈ ਪੜ੍ਹਦੇ ਹੋ , ਉਹ ਵੀ ਆਤਮਾ ਹੀ ਪੜ੍ਹਦੀ ਹੈ। ਸੰਸਕਾਰ ਚੰਗੇ ਜਾਂ ਬੁਰੇ ਆਤਮਾ ਹੀ ਧਾਰਨ ਕਰਦੀ ਹੈ। ਸ਼ਰੀਰ ਤਾਂ ਰਾਖ ਹੋ ਜਾਂਦਾ ਹੈ। ਇਹ ਵੀ ਕੋਈ ਮਨੁੱਖ ਨਹੀਂ ਜਾਣਦੇ ਉਨ੍ਹਾਂਨੂੰ ਦੇਹ - ਅਭਿਮਾਨ ਰਹਿੰਦਾ ਹੈ - ਮੈਂ ਫਲਾਣਾ ਹਾਂ, ਮੈਂ ਪ੍ਰਾਈਮ ਮਿਨਿਸਟਰ ਹਾਂ। ਇੰਵੇਂ ਨਹੀਂ ਕਹਿਣਗੇ ਕਿ ਮੈਂ ਆਤਮਾ ਨੇ ਇਹ ਪ੍ਰਾਈਮ ਮਿਨਿਸਟਰ ਦਾ ਸ਼ਰੀਰ ਲਿਆ ਹੈ। ਇਹ ਵੀ ਤੁਸੀਂ ਸਮਝਦੇ ਹੋ। ਸਭ ਕੁਝ ਆਤਮਾ ਹੀ ਕਰਦੀ ਹੈ। ਆਤਮਾ ਅਵਿਨਾਸ਼ੀ ਹੈ, ਸ਼ਰੀਰ ਸਿਰਫ਼ ਇਹ ਪਾਰਟ ਵਜਾਉਣ ਲਈ ਮਿਲਿਆ ਹੈ। ਇਸ ਵਿੱਚ ਜੇਕਰ ਆਤਮਾ ਨਾ ਹੁੰਦੀ ਤਾਂ ਸ਼ਰੀਰ ਕੁਝ ਕਰ ਨਹੀਂ ਸਕਦਾ। ਆਤਮਾ ਸ਼ਰੀਰ ਵਿਚੋਂ ਨਿਕਲ ਜਾਂਦੀ ਤਾਂ ਜਿਵੇਂ ਇੱਕ ਲੋਥ ਪਈ ਰਹਿੰਦੀ ਹੈ। ਆਤਮਾ ਨੂੰ ਇਨ੍ਹਾਂ ਅੱਖਾਂ ਨਾਲ ਵੇਖ ਨਹੀਂ ਸਕਦੇ। ਉਹ ਤਾਂ ਸੂਕਸ਼ਮ ਹੈ ਨਾ। ਤਾਂ ਬਾਪ ਕਹਿੰਦੇ ਹਨ ਬੁੱਧੀ ਨਾਲ ਬਾਪ ਨੂੰ ਯਾਦ ਕਰੋ। ਤੁਹਾਨੂੰ ਵੀ ਬੁੱਧੀ ਵਿੱਚ ਹੈ ਸਾਨੂੰ ਸ਼ਿਵਬਾਬਾ ਪੜ੍ਹਾਉਂਦੇ ਹਨ ਇਨ੍ਹਾਂ ਦੁਆਰਾ। ਇਹ ਵੀ ਸੂਕਸ਼ਮ ਸਮਝਣ ਦੀਆਂ ਗੱਲਾਂ ਹਨ। ਕੋਈ ਤਾਂ ਚੰਗੀ ਤਰ੍ਹਾਂ ਸਮਝਦੇ ਹਨ, ਕਈ ਤਾਂ ਜਰਾ ਵੀ ਨਹੀਂ ਸਮਝਦੇ, ਹੈ ਵੀ ਸਿਰਫ਼ ਇਹ ਗੱਲ। ਅਲਫ਼ ਮਾਨਾ ਭਗਵਾਨ ਬਾਬਾ। ਸਿਰਫ਼ ਭਗਵਾਨ ਜਾਂ ਈਸ਼ਵਰ ਕਹਿਣ ਨਾਲ ਉਹ ਬਾਪ ਦਾ ਸਬੰਧ ਨਹੀਂ ਰਹਿੰਦਾ ਹੈ। ਇਸ ਵਕ਼ਤ ਸਭ ਪਥਰਬੁੱਧੀ ਹਨ ਕਿਉਂਕਿ ਰਚਤਾ ਬਾਪ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਨਹੀਂ ਜਾਣਦੇ ਹਨ। ਇਹ ਵਰਲਡ ਦੀ ਹਿਸਟ੍ਰੀ ਜੋਗ੍ਰਾਫੀ ਰਪੀਟ ਹੁੰਦੀ ਰਹਿੰਦੀ ਹੈ। ਹੁਣ ਸੰਗਮਯੁੱਗ ਹੈ, ਇਹ ਕਿਸੇ ਨੂੰ ਪਤਾ ਨਹੀਂ ਹੈ। ਤੁਸੀਂ ਸਮਝਦੇ ਹੋ, ਪਹਿਲਾਂ ਅਸੀਂ ਵੀ ਨਹੀਂ ਜਾਣਦੇ ਸੀ। ਬਾਬਾ ਹੁਣ ਤੁਹਾਨੂੰ ਇੱਥੇ ਗਿਆਨ ਨਾਲ ਸ਼ਿੰਗਾਰਦੇ ਹਨ ਫੇਰ ਇਥੋਂ ਬਾਹਰ ਜਾਂਦੇ ਹੋ ਤਾਂ ਮਾਯਾ ਧੂਲ ਵਿੱਚ ਲਬੇੜ ਗਿਆਨ ਸ਼ਿੰਗਾਰ ਵਿਗਾੜ ਦਿੰਦੀ ਹੈ। ਬਾਪ ਸ਼ਿੰਗਾਰ ਤੇ ਕਰਦੇ ਹਨ, ਪਰੰਤੂ ਆਪਣਾ ਪੁਰਸ਼ਾਰਥ ਵੀ ਕਰਨਾ ਚਾਹੀਦਾ ਹੈ। ਕਈ ਬੱਚੇ ਮੂੰਹ ਤੋਂ ਇੰਵੇਂ ਬੋਲਦੇ ਹਨ ਜਿਵੇਂ ਜੰਗਲੀ, ਸ਼ਿੰਗਾਰ ਜਿਵੇਂ ਕੀ ਹੋਇਆ ਹੀ ਨਹੀਂ ਹੈ, ਸਭ ਭੁੱਲ ਜਾਂਦੇ ਹਨ। ਲਾਸ੍ਟ ਨੰਬਰ ਵਿੱਚ ਜੋ ਸਟੂਡੈਂਟ ਬੈਠੇ ਰਹਿੰਦੇ ਹਨ, ਉਨ੍ਹਾਂ ਦੀ ਪੜ੍ਹਾਈ ਵਿੱਚ ਇੰਨੀ ਦਿਲ ਨਹੀਂ ਲਗਦੀ ਹੈ। ਹਾਂ, ਫੈਕਟਰੀ ਆਦਿ ਵਿੱਚ ਸਰਵਿਸ ਕਰ ਸ਼ਾਹੂਕਾਰ ਬਣ ਜਾਂਦੇ ਹਨ। ਪੜ੍ਹਿਆ ਹੋਇਆ ਕੁਝ ਨਹੀਂ, ਇਹ ਤਾਂ ਬਹੁਤ ਉੱਚ ਪੜ੍ਹਾਈ ਹੈ। ਪੜ੍ਹਾਈ ਬਿਨਾਂ ਤਾਂ ਉੱਚ ਭਵਿੱਖ ਪਦ ਮਿਲ ਨਹੀਂ ਸਕਦਾ ਹੈ। ਇੱਥੇ ਤੁਸੀਂ ਫੈਕਟਰੀ ਆਦਿ ਵਿੱਚ ਬੈਠ ਕੇ ਕੋਈ ਕੰਮ ਨਹੀਂ ਕਰਨਾ ਹੈ, ਜਿਸ ਨਾਲ ਧਨਵਾਨ ਬਣਨਾ ਹੈ। ਇਹ ਤਾਂ ਸਭ ਕੁਝ ਖ਼ਲਾਸ ਹੋਣਾ ਹੈ। ਨਾਲ ਚੱਲੇਗੀ ਸਿਰਫ਼ ਅਵਿਨਾਸ਼ੀ ਕਮਾਈ। ਤੁਹਾਨੂੰ ਪਤਾ ਹੈ, ਮਨੁੱਖ ਮਰਦੇ ਹਨ ਤਾਂ ਖ਼ਾਲੀ ਹੱਥ ਜਾਂਦੇ ਹਨ। ਨਾਲ ਕੁਝ ਵੀ ਲੈ ਨਹੀਂ ਜਾਣਗੇ। ਤੁਹਾਡੇ ਹੱਥ ਭਰਤੂ ( ਭਰੇ ਹੋਏ ) ਜਾਣਗੇ, ਇਸਨੂੰ ਕਿਹਾ ਜਾਂਦਾ ਹੈ ਸੱਚੀ ਕਮਾਈ। ਇਹ ਸੱਚੀ ਕਮਾਈ ਤੁਹਾਡੀ ਹੁੰਦੀ ਹੈ 21 ਜਨਮਾਂ ਦੇ ਲਈ। ਬੇਹੱਦ ਦਾ ਬਾਪ ਹੀ ਸੱਚੀ ਕਮਾਈ ਕਰਵਾਉਂਦੇ ਹਨ।

ਤੁਸੀਂ ਬੱਚੇ ਵੇਖਦੇ ਹੋ ਇਹ ਚਿੱਤਰ ਨੂੰ, ਪਰੰਤੂ ਯਾਦ ਕਰਦੇ ਹੋ ਵਚਿੱਤਰ ਬਾਪ ਨੂੰ ਕਿਉਂਕਿ ਤੁਸੀਂ ਵੀ ਆਤਮਾ ਹੋ ਤਾਂ ਆਤਮਾ ਆਪਣੇ

ਬਾਪ ਨੂੰ ਹੀ ਵੇਖਦੀ ਹੈ। ਉਨ੍ਹਾਂ ਤੋਂ ਪੜ੍ਹਦੀ ਹੈ। ਆਤਮਾ ਨੂੰ ਅਤੇ ਪ੍ਰਮਾਤਮਾ ਨੂੰ ਤੁਸੀਂ ਵੇਖਦੇ ਨਹੀਂ ਹੋ, ਪਰੰਤੂ ਬੁੱਧੀ ਤੋਂ ਜਾਣਦੇ ਹੋ। ਅਸੀਂ ਆਤਮਾ ਅਵਿਨਾਸ਼ੀ ਹਾਂ। ਇਹ ਸ਼ਰੀਰ ਵਿਨਾਸ਼ੀ ਹੈ। ਇਹ ਬਾਪ ਵੀ ਭਾਵੇਂ ਸਾਹਮਣੇ ਤੁਹਾਨੂੰ ਬੱਚਿਆਂ ਨੂੰ ਵੇਖਦੇ ਹਨ ਪ੍ਰੰਤੂ ਬੁੱਧੀ ਵਿੱਚ ਹੈ ਕਿ ਆਤਮਾਵਾਂ ਨੂੰ ਸਮਝਾਉਂਦੇ ਹਨ। ਹੁਣ ਬਾਪ ਤੁਹਾਨੂੰ ਬੱਚਿਆਂ ਨੂੰ ਜੋ ਸਿਖਾਉਂਦੇ ਹਨ ਉਹ ਸੱਚ ਹੀ ਸੱਚ ਹੈ, ਇਸ ਵਿੱਚ ਝੂਠ ਦੀ ਰਤੀ ਨਹੀਂ। ਤੁਸੀਂ ਸੱਚਖੰਡ ਦੇ ਮਾਲਿਕ ਬਣਦੇ ਹੋ। ਇਹ ਹੈ ਝੂਠਖੰਡ। ਝੂਠਖੰਡ ਹੈ ਕਲਯੁਗ, ਸੱਚਖੰਡ ਹੈ ਸਤਿਯੁਗ - ਰਾਤ - ਦਿਨ ਦਾ ਫਰਕ ਹੈ। ਸਤਿਯੁਗ ਵਿੱਚ ਦੁੱਖ ਦੀ ਗੱਲ ਨਹੀਂ ਹੁੰਦੀ। ਨਾਮ ਹੀ ਹੈ ਸੁੱਖਧਾਮ। ਉਸ ਸੁੱਖਧਾਮ ਦਾ ਮਾਲਿਕ ਤਾਂ ਬੇਹੱਦ ਦਾ ਬਾਪ ਹੀ ਬਨਾਉਣਗੇ। ਉਨ੍ਹਾਂ ਦਾ ਕੋਈ ਚਿੱਤਰ ਨਹੀਂ, ਹੋਰ ਸਭ ਦੇ ਚਿੱਤਰ ਹਨ। ਉਨ੍ਹਾਂ ਦੀ ਆਤਮਾ ਦਾ ਨਾਮ ਫਿਰਦਾ ਹੈ ਕੀ? ਉਨ੍ਹਾਂ ਦਾ ਨਾਮ ਹੀ ਹੈ ਸ਼ਿਵ। ਹੋਰ ਸਭ ਨੂੰ ਆਤਮਾ ਹੀ ਆਤਮਾ ਕਹਿੰਦੇ। ਬਾਕੀ ਸ਼ਰੀਰ ਦਾ ਨਾਮ ਪੈਂਦਾ ਹੈ। ਸ਼ਿਵਲਿੰਗ ਹੈ ਨਿਰਾਕਾਰ। ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ... ਇਹ ਸ਼ਿਵ ਦੀ ਮਹਿਮਾ ਹੈ। ਉਹ ਬਾਪ ਵੀ ਹੈ। ਤਾਂ ਬਾਪ ਤੋਂ ਜ਼ਰੂਰ ਵਰਸਾ ਮਿਲਣਾ ਹੈ। ਰਚਨਾ ਨੂੰ ਰਚਨਾ ਤੋਂ ਵਰਸਾ ਨਹੀਂ ਮਿਲਦਾ। ਵਰਸਾ ਰਚਤਾ ਦੇਣਗੇ ਆਪਣੇ ਬੱਚਿਆਂ ਨੂੰ। ਆਪਣੇ ਬੱਚੇ ਹੁੰਦਿਆਂ ਭਰਾ ਦੇ ਬੱਚਿਆਂ ਨੂੰ ਵਰਸਾ ਦੇਣਗੇ ਕੀ? ਇਹ ਵੀ ਬੇਹੱਦ ਦਾ ਬਾਪ ਆਪਣੇ ਬੇਹੱਦ ਦੇ ਬੱਚਿਆਂ ਨੂੰ ਵਰਸਾ ਦਿੰਦੇ ਹਨ, ਇਹ ਪੜ੍ਹਾਈ ਹੈ ਨਾ। ਜਿਵੇਂ ਪੜ੍ਹਾਈ ਨਾਲ ਮਨੁੱਖ ਬੈਰਿਸਟਰ ਆਦਿ ਬਣਦੇ ਹਨ। ਪੜ੍ਹਾਉਣ ਵਾਲੇ ਨਾਲ ਅਤੇ ਪੜ੍ਹਾਈ ਨਾਲ ਯੋਗ ਰਹਿੰਦਾ ਹੈ। ਇਹ ਤਾਂ ਪੜ੍ਹਾਉਣ ਵਾਲਾ ਹੈ ਵਚਿੱਤਰ। ਤੁਸੀਂ ਆਤਮਾਵਾਂ ਵੀ ਵਚਿੱਤਰ ਹੋ। ਬਾਪ ਕਹਿੰਦੇ ਹਨ ਮੈਂ ਆਤਮਾਵਾਂ ਨੂੰ ਪੜ੍ਹਾਉਂਦਾ ਹਾਂ। ਤੁਸੀਂ ਵੀ ਸਮਝੋ ਸਾਨੂੰ ਬਾਪ ਪੜ੍ਹਾਉਂਦੇ ਹਨ। ਇੱਕ ਹੀ ਵਾਰ ਬਾਪ ਆਕੇ ਪੜ੍ਹਾਉਂਦੇ ਹਨ। ਪੜ੍ਹਦੀ ਤਾਂ ਆਤਮਾ ਹੈ ਨਾ। ਦੁੱਖ - ਸੁੱਖ ਆਤਮਾ ਭੋਗਦੀ ਹੈ, ਪਰੰਤੂ ਸ਼ਰੀਰ ਦੁਆਰਾ। ਆਤਮਾ ਨਿਕਲ ਜਾਵੇ ਤਾਂ ਫੇਰ ਭਾਵੇਂ ਸ਼ਰੀਰ ਨੂੰ ਕਿੰਨਾ ਵੀ ਮਾਰੋ, ਜਿਵੇਂ ਮਿੱਟੀ ਨੂੰ ਮਾਰਦੇ ਹੋ। ਤਾਂ ਬਾਪ ਬਾਰ - ਬਾਰ ਸਮਝਾਉਂਦੇ ਹਨ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਇਹ ਤਾਂ ਬਾਬਾ ਜਾਣਦੇ ਹਨ ਨੰਬਰਵਾਰ ਧਾਰਨਾ ਕਰਦੇ ਹਨ। ਕੋਈ ਤਾਂ ਬਿਲਕੁਲ ਜਿਵੇਂ ਬੁੱਧੂ ਹਨ, ਕੁਝ ਨਹੀਂ ਸਮਝਦੇ। ਗਿਆਨ ਤਾਂ ਬੜਾ ਸਹਿਜ ਹੈ। ਅੰਨਾਂ, ਲੂਲਾ, ਲੰਗੜਾ ਵੀ ਸਮਝ ਸਕਦੇ ਹਨ ਕਿਉਂਕਿ ਇਹ ਤਾਂ ਆਤਮਾ ਨੂੰ ਸਮਝਾਇਆ ਜਾਂਦਾ ਹੈ ਨਾ। ਆਤਮਾ ਲੂਲੀ ਲੰਗੜੀ ਨਹੀਂ ਹੁੰਦੀ। ਸ਼ਰੀਰ ਹੁੰਦਾ ਹੈ। ਬਾਪ ਕਿੰਨੀ ਚੰਗੀ ਤਰ੍ਹਾਂ ਬੈਠ ਸਮਝਾਉਂਦੇ ਹਨ, ਪਰੰਤੂ ਭਗਤੀ ਮਾਰਗ ਦੀ ਆਦਤ ਅੱਖ ਬੰਦ ਕਰਕੇ ਬੈਠਣ ਦੀ ਪਈ ਹੋਈ ਹੈ। ਜਿਵੇਂ ਮਤਵਾਲੇ। ਬਾਪ ਕਹਿੰਦੇ ਹਨ ਅੱਖਾਂ ਬੰਦ ਨਾ ਕਰੋ। ਸਾਹਮਣੇ ਵੇਖਦੇ ਹੋਏ ਵੀ ਬੁੱਧੀ ਨਾਲ ਬਾਪ ਨੂੰ ਯਾਦ ਕਰੋ ਤਾਂ ਹੀ ਵਿਕਰਮ ਵਿਨਾਸ਼ ਹੋਣਗੇ। ਕਿੰਨਾ ਸਹਿਜ ਹੈ, ਫੇਰ ਵੀ ਕਹਿੰਦੇ ਬਾਬਾ ਅਸੀਂ ਯਾਦ ਨਹੀਂ ਕਰ ਸਕਦੇ ਹਾਂ। ਅਰੇ, ਲੌਕਿਕ ਬਾਪ ਜਿਸ ਤੋਂ ਹੱਦ ਦਾ ਵਰਸਾ ਮਿਲਦਾ ਹੈ, ਉਨ੍ਹਾਂਨੂੰ ਤਾਂ ਮਰਨ ਤੱਕ ਵੀ ਯਾਦ ਕਰਦੇ, ਇਹ ਤਾਂ ਸਭ ਆਤਮਾਵਾਂ ਦਾ ਬੇਹੱਦ ਦਾ ਬਾਪ ਹੈ, ਉਨ੍ਹਾਂਨੂੰ ਤੁਸੀਂ ਯਾਦ ਨਹੀਂ ਕਰ ਸਕਦੇ ਹੋ। ਜਿਸ ਬਾਪ ਨੂੰ ਬੁਲਾਉਂਦੇ ਵੀ ਹਨ ਉਹ ਗੌਡ ਫਾਦਰ, ਗਾਈਡ ਹੈ। ਅਸਲ ਵਿੱਚ ਇਹ ਕਹਿਣਾ ਵੀ ਗਲਤ ਹੈ। ਬਾਪ ਸਿਰ੍ਫ ਇੱਕ ਦਾ ਤਾਂ ਗਾਈਡ ਨਹੀਂ ਹੈ। ਉਹ ਤਾਂ ਬੇਹੱਦ ਦਾ ਗਾਈਡ ਹੈ। ਇੱਕ ਨੂੰ ਥੋੜ੍ਹੀ ਨਾ ਲਿਬਰੇਟ ਕਰਨਗੇ। ਬਾਪ ਕਹਿੰਦੇ ਹਨ ਮੈਂ ਸਭ ਦੀ ਆਕੇ ਗਤੀ ਕਰਦਾ ਹਾਂ। ਮੈਂ ਆਇਆ ਹੀ ਹਾਂ ਸਭਨੂੰ ਸ਼ਾਂਤੀਧਾਮ ਭੇਜਣ ਦੇ ਲਈ। ਇੱਥੇ ਮੰਗਣ ਦੀ ਲੋੜ ਨਹੀਂ। ਬੇਹੱਦ ਦਾ ਬਾਪ ਹੈ ਨਾ। ਉਹ ਤਾਂ ਹੱਦ ਵਿੱਚ ਆਕੇ ਮੀ - ਮੀ ਕਰਦੇ ਰਹਿੰਦੇ ਹਨ। ਹੇ ਪ੍ਰਮਾਤਮਾ ਮੈਨੂੰ ਸੁੱਖ ਦੇਵੋ, ਦੁੱਖ ਮਿਟਾਵੋ। ਅਸੀਂ ਪਾਪੀ ਨੀਚ ਹਾਂ, ਆਪ ਰਹਿਮ ਕਰੋ। ਬਾਪ ਕਹਿੰਦੇ ਹਨ ਮੈਂ ਬੇਹੱਦ ਦੀ ਪੁਰਾਣੀ ਸ੍ਰਿਸ਼ਟੀ ਨੂੰ ਨਵੀਂ ਬਣਾਉਣ ਆਇਆ ਹਾਂ। ਨਵੀਂ ਸ੍ਰਿਸ਼ਟੀ ਵਿੱਚ ਦੇਵਤੇ ਰਹਿੰਦੇ ਹਨ, ਮੈਂ ਹਰ 5 ਹਜ਼ਾਰ ਵਰ੍ਹਿਆਂ ਬਾਦ ਆਉਂਦਾ ਹਾਂ। ਜਦੋਂ ਕਿ ਤੁਸੀਂ ਪੂਰੇ ਪਤਿਤ ਬਣ ਜਾਂਦੇ ਹੋ। ਇਹ ਹੈ ਆਸੁਰੀ ਸੰਪਰਦਾਇ। ਸਤਿਗੁਰੂ ਤਾਂ ਇੱਕ ਹੀ ਹੈ ਸੱਚ ਬੋਲਣ ਵਾਲਾ। ਉਹ ਹੀ ਬਾਪ ਵੀ ਹੈ ਟੀਚਰ ਵੀ ਹੈ ਸਤਿਗੁਰੂ ਵੀ ਹੈ। ਬਾਪ ਕਹਿੰਦੇ ਹਨ - ਮਾਤਾਵਾਂ ਵੀ ਸ੍ਵਰਗ ਦਾ ਦਵਾਰਾ ਖੋਲ੍ਹਣ ਵਾਲੀਆਂ ਹਨ। ਲਿਖਿਆ ਵੀ ਹੋਇਆ ਹੈ ਗੇਟ ਵੇ ਟੂ ਹੈਵਿਨ। ਪਰੰਤੂ ਇਹ ਵੀ ਮਨੁੱਖ ਸਮਝ ਥੋੜ੍ਹੀ ਨਾ ਸਕਦੇ ਹਨ। ਨਰਕ ਵਿੱਚ ਪਏ ਹਨ ਨਾ ਤਾਂ ਹੀ ਤੇ ਬੁਲਾਉਂਦੇ ਹਨ। ਹੁਣ ਬਾਬਾ ਤੁਹਾਨੂੰ ਸ੍ਵਰਗ ਵਿੱਚ ਜਾਣ ਦਾ ਰਸਤਾ ਦਸਦੇ ਹਨ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ ਪਤਿਤਾਂ ਨੂੰ ਪਾਵਨ ਬਣਾਉਣ ਅਤੇ ਵਾਪਿਸ ਲੈ ਜਾਣ ਲਈ। ਹੁਣ ਆਪਣੇ ਨੂੰ ਆਤਮ ਸਮਝ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟ ਜਾਣਗੇ। ਸਭ ਨੂੰ ਇੱਕ ਹੀ ਗੱਲ ਸੁਣਾਓ ਕੀ ਬਾਪ ਕਹਿੰਦੇ ਹਨ ਮਾਯਾਜੀਤ ਜਗਤਜੀਤ ਬਣੋ। ਮੈਂ ਤੁਹਾਨੂੰ ਸਭਨੂੰ ਜਗਤ ਦਾ ਮਾਲਿਕ ਬਨਣ ਦਾ ਰਸਤਾ ਦਸਦਾ ਹਾਂ, ਫੇਰ ਲਕਸ਼ਮੀ ਦੀ ਦੀਪਮਾਲਾ ਤੇ ਪੂਜਾ ਕਰਦੇ ਹਨ, ਉਨ੍ਹਾਂ ਤੋਂ ਧਨ ਮੰਗਦੇ ਹਨ, ਇੰਵੇਂ ਨਹੀਂ ਕਹਿੰਦੇ ਹੈਲਥ ਚੰਗੀ ਕਰੋ, ਉੱਮਰ ਵੱਡੀ ਕਰੋ। ਤੁਸੀਂ ਤਾਂ ਬਾਪ ਤੋਂ ਵਰਸਾ ਲੈਂਦੇ ਹੋ। ਉੱਮਰ ਕਿੰਨੀ ਵੱਡੀ ਹੋ ਜਾਂਦੀ ਹੈ। ਹੁਣ ਹੈਲਥ, ਵੈਲਥ, ਹੈਪੀਨੈਸ ਸਭ ਦੇ ਦਿੰਦੇ ਹਨ। ਉਹ ਤਾਂ ਲਕਸ਼ਮੀ ਤੋਂ ਸਿਰ੍ਫ ਠੀਕਰੀਆਂ ਮੰਗਦੇ ਹਨ, ਉਹ ਵੀ ਮਿਲਿਦੀਆਂ ਥੋੜ੍ਹੀ ਨਾ ਹਨ। ਇਹ ਇੱਕ ਆਦਤ ਪੈ ਗਈ ਹੈ। ਦੇਵਤਾਵਾਂ ਦੇ ਅੱਗੇ ਜਾਣਗੇ ਭੀਖ ਮੰਗਣ। ਇੱਥੇ ਤਾਂ ਤੁਸੀਂ ਬਾਪ ਕੋਲੋਂ ਕੁਝ ਵੀ ਮੰਗਣਾ ਨਹੀਂ ਹੈ। ਤੁਹਾਨੂੰ ਤੇ ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰਨ ਨਾਲ ਮਾਲਿਕ ਬਣ ਜਾਵੋਗੇ ਅਤੇ ਸ੍ਰਿਸ਼ਟੀ ਚੱਕਰ ਨੂੰ ਜਾਨਣ ਨਾਲ ਚੱਕਰਵਰਤੀ ਰਾਜਾ ਬਣ ਜਾਵੋਗੇ। ਦੈਵੀਗੁਣ ਵੀ ਧਾਰਨ ਕਰਨੇ ਹਨ, ਇਸ ਵਿੱਚ ਕੁਝ ਬੋਲਣ ਦੀ ਲੋੜ ਨਹੀਂ ਰਹਿੰਦੀ। ਜਦੋਂਕਿ ਬਾਪ ਤੋਂ ਸ੍ਵਰਗ ਦਾ ਵਰਸਾ ਮਿਲਦਾ ਹੈ। ਹੁਣ ਤੁਸੀਂ ਇਨ੍ਹਾਂ ਦੀ ਪੂਜਾ ਕਰੋਗੇ ਕੀ! ਤੁਸੀਂ ਜਾਣਦੇ ਹੋ ਅਸੀਂ ਖ਼ੁਦ ਹੀ ਇਹ ਬਣਦੇ ਹਾਂ ਫੇਰ ਇਨ੍ਹਾਂ 5 ਤਤਵਾਂ ਦੀ ਕੀ ਪੂਜਾ ਕਰੋਗੇ। ਸਾਨੂੰ ਵਿਸ਼ਵ ਦੀ ਬਾਦਸ਼ਾਹੀ ਮਿਲਦੀ ਹੈ ਤਾਂ ਫੇਰ ਇਹ ਕੀ ਕਰਾਂਗੇ। ਹੁਣ ਤੁਸੀਂ ਮੰਦਿਰ ਆਦਿ ਵਿੱਚ ਨਹੀਂ ਜਾਵੋਗੇ। ਬਾਪ ਕਹਿੰਦੇ ਹਨ ਇਹ ਸਭ ਭਗਤੀ ਮਾਰਗ ਦੀ ਸਮਗਰੀ ਹੈ। ਗਿਆਨ ਵਿੱਚ ਤਾਂ ਇੱਕ ਅੱਖਰ ਮਾਮੇਕਮ ਯਾਦ ਕਰੋ। ਬਸ ਯਾਦ ਨਾਲ ਤੁਹਾਡੇ ਪਾਪ ਕੱਟ ਜਾਣਗੇ, ਸਤੋਪ੍ਰਧਾਨ ਬਣ ਜਾਵੋਗੇ, ਤੁਸੀਂ ਸ੍ਵਗੁਣ ਸੰਪੰਨ ਸੀ ਫੇਰ ਬਣਨਾ ਪਵੇ। ਇਹ ਵੀ ਸਮਝਦੇ ਨਹੀਂ। ਪਥਰਬੁੱਧੀਆਂ ਨਾਲ ਬਾਪ ਨੂੰ ਕਿੰਨਾ ਮੱਥਾ ਮਾਰਨਾ ਪੈਂਦਾ ਹੈ। ਇਹ ਨਿਸ਼ਚੇ ਹੋਣਾ ਚਾਹੀਦਾ ਹੈ। ਇਹ ਗੱਲਾਂ ਕੋਈ ਵੀ ਸਾਧੂ ਸੰਤ ਆਦਿ ਨਹੀਂ ਦਸ ਸਕਦਾ, ਸਿਵਾਏ ਇੱਕ ਬਾਪ ਦੇ। ਇਹ ਕੋਈ ਈਸ਼ਵਰ ਥੋੜ੍ਹੀ ਨਾ ਹੈ। ਇਹ ਤਾਂ ਬਹੁਤ ਜਨਮਾਂ ਦੇ ਅੰਤ ਵਿੱਚ ਹੈ। ਮੈਂ ਪ੍ਰਵੇਸ਼ ਹੀ ਉਨ੍ਹਾਂ ਵਿੱਚ ਕਰਦਾ ਹਾਂ ਜਿਸਨੇ ਪੂਰੇ 84 ਜਨਮ ਲਏ ਹਨ, ਗਾਂਵੜੇ ਦਾ ਛੋਰਾ ਸੀ ਫੇਰ ਸ਼ਾਮ ਸੁੰਦਰ ਬਣਦੇ ਹਨ। ਇਹ ਤਾਂ ਪੂਰਾ ਗਾਂਵੜੇ

ਦਾ ਛੋਰਾ ਸੀ। ਫੇਰ ਜਦੋਂ ਕੁਝ ਸਧਾਰਨ ਬਣਿਆ, ਤਾਂ ਬਾਬਾ ਨੇ ਪ੍ਰਵੇਸ਼ ਕੀਤਾ ਕਿਉਂਕਿ ਇੰਨੀ ਭੱਠੀ ਬਣਨੀ ਸੀ। ਇਨ੍ਹਾਂ ਨੂੰ ਖਵਾਏਗਾ ਕੌਣ? ਤਾਂ ਜ਼ਰੂਰ ਸਧਾਰਨ ਵੀ ਚਾਹੀਦਾ ਹੈ ਨਾ। ਇਹ ਸਭ ਸਮਝਣ ਦੀਆਂ ਗੱਲਾਂ ਹਨ। ਬਾਪ ਕਹਿੰਦੇ ਹਨ ਮੈਂ ਇਨ੍ਹਾਂ ਦੇ ਬਹੁਤ ਜਨਮਾਂ ਦੇ ਅੰਤ ਵਿੱਚ ਪ੍ਰਵੇਸ਼ ਕਰਦਾ ਹਾਂ ਜੋ ਸਭ ਤੋਂ ਪਤਿਤ ਬਣਿਆ ਹੈ, ਫੇਰ ਪਾਵਨ ਵੀ ਇਹ ਵੀ ਬਣਨਗੇ। 84 ਜਨਮ ਇਸ ਨੇ ਲੀਤੇ ਹਨ, ਤਤਵਮ। ਇੱਕ ਤਾਂ ਨਹੀਂ, ਬਹੁਤ ਹਨ ਨਾ। ਸੂਰਜਵੰਸ਼ੀ - ਚੰਦ੍ਰਵਨਸ਼ੀ ਬਣਨ ਵਾਲੇ ਹੀ ਇੱਥੇ ਆਉਂਦੇ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ। ਬਾਕੀ ਠਹਿਰ ਨਹੀਂ ਸਕਣਗੇ। ਦੇਰੀ ਨਾਲ ਆਉਣ ਵਾਲੇ ਗਿਆਨ ਵੀ ਥੋੜ੍ਹਾ ਸੁਣਨਗੇ। ਫੇਰ ਦੇਰੀ ਨਾਲ ਹੀ ਆਉਣਗੇ ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਜੋ ਗਿਆਨ ਸ਼ਿੰਗਾਰ ਕਰਦੇ ਹਨ, ਉਸਨੂੰ ਕਾਇਮ ਰੱਖਣ ਦਾ ਪੁਰਸ਼ਾਰਥ ਕਰਨਾ ਹੈ। ਮਾਇਆ ਦੀ ਧੂਲ ਵਿੱਚ ਗਿਆਨ ਸ਼ਿੰਗਾਰ ਵਿਗਾੜਨਾ ਨਹੀਂ ਹੈ। ਪੜ੍ਹਾਈ ਚੰਗੀ ਤਰ੍ਹਾਂ ਪੜ੍ਹਕੇ ਅਵਿਨਾਸ਼ੀ ਕਮਾਈ ਕਰਨੀ ਹੈ।

2. ਇਸ ਚਿੱਤਰ ਮਤਲਬ ਦੇਹਧਾਰੀ ਨੂੰ ਸਾਹਮਣੇ ਵੇਖਦੇ ਹੋਏ ਬੁੱਧੀ ਨਾਲ ਵਚਿੱਤਰ ਬਾਪ ਨੂੰ ਯਾਦ ਕਰਨਾ ਹੈ। ਅੱਖਾਂ ਬੰਦ ਕਰਕੇ ਬੈਠਣ ਦੀ ਆਦਤ ਨਹੀਂ ਪਾਉਣੀ ਹੈ। ਬੇਹੱਦ ਦੇ ਬਾਪ ਤੋਂ ਕੁਝ ਵੀ ਮੰਗਣਾ ਨਹੀਂ ਹੈ।

ਵਰਦਾਨ:- ਸਮੇਂ ਦੇ ਮਹੱਤਵ ਨੂੰ ਜਾਣ ਫਾਸਟ ਆਉਣ ਵਾਲੇ ਤੀਵਰ ਗਤੀ ਦੇ ਪੁਰਸ਼ਾਰਥੀ ਭਵ

ਅਵਿਅਕਤ ਪਾਰ੍ਹ ਵਿੱਚ ਆਈ ਹੋਈ ਆਤਮਾਵਾਂ ਨੂੰ ਲਾਸ੍ਹ ਸੋ ਫਾਸਟ, ਫਾਸਟ ਸੋ ਫਸਟ ਆਉਣ ਦਾ ਵਰਦਾਨ ਪ੍ਰਾਪਤ ਹੈ। ਤਾਂ ਸਮੇਂ ਦੇ ਮਹੱਤਵ ਨੂੰ ਜਾਣ ਮਿਲੇ ਹੋਏ ਵਰਦਾਨ ਨੂੰ ਸਵਰੂਪ ਵਿੱਚ ਲਿਆਓ। ਇਹ ਅਵਿਅਕਤ ਪਾਲਣਾ ਸਹਿਜ ਹੀ ਸ਼ਕਤੀਸ਼ਾਲੀ ਬਣਾਉਣ ਵਾਲੀ ਹੈ ਇਸਲਈ ਜਿਨ੍ਹਾਂ ਅੱਗੇ ਵਧਣਾ ਚਾਹੋ, ਵੱਧ ਸਕਦੇ ਹੋ। ਬਾਪਦਾਦਾ ਅਤੇ ਨਿਮਿਤ ਆਤਮਾਵਾਂ ਦੀ ਸਰਵ ਦੇ ਪ੍ਰਤੀ ਸਦਾ ਅੱਗੇ ਉੱਡਣ ਦੀਆਂ ਦੁਆਵਾਂ ਹੋਣ ਦੇ ਕਾਰਨ ਤੀਵਰ ਗਤੀ ਦੇ ਪੁਰਸ਼ਾਰਥ ਦਾ ਭਾਗ ਸਹਿਜ ਮਿਲਿਆ ਹੋਇਆ ਹੈ।

ਸਲੋਗਨ:- "ਨਿਰਾਕਾਰ ਸੋ ਸਾਕਾਰ" ਦੇ ਮਹਾਮੰਤ੍ਰ ਦੀ ਸਮ੍ਰਿਤੀ ਨਾਲ ਨਿਰੰਤਰ ਯੋਗੀ ਭਵ

******